# ਪੰਜਾਬ ਪੁਲਿਸ ਸਕਿਉਰਟੀ ਕਾਰਪੋਰੇਸ਼ਨ

ਐਸ.ਸੀ.ਉ. ਨੰ 171-172, ਸੈਕਟਰ 8 ਸੀ, ਚੰਡੀਗੜ   ●172-25●41989

**<u>ਥੋੜੇ ਸਮਾਂ ਦਾ ਟੈਡਰ ਨੋਟਿਸ</u>**

**<u>ਮੈਸ, ਸਫਾਈ ਅਤੇ ਰੱਖ ਰਖਾਵ ਦਾ ਠੇਕਾ</u>**

ਪੰਜਾਬ ਦੇ ਬੇਰੁਜਗਾਰ ਨੌਜਵਾਨਾਂ ਨੂੰ ਪ੍ਰਾਈਵੇਟ ਸੁਰੱਖਿਆ ਖੇਤਰ ਵਿੱਚ ਰੋਜਗਾਰ ਹਾਸਲ ਕਰਨ ਦੇ ਕਾਬਲ ਬਣਾਉਣ ਦੇ ਮਕਸਦ ਨਾਲ ਪੰਜਾਬ ਸਿਕਿਉਰਟੀ ਟਰੇਨਿੰਗ ਇੰਸਟੀਚਿਉਟ ਜਹਾਨਖੇਲ੍ਹਾਂ, ਹੁਸ਼ਿਆਰਪੁਰ ਅਤੇ ਲੱਡਾ ਕੋਠੀ, ਸੰਗਰੂਰ ਵਿਖੇ ਦੋ-ਦੋ ਮਹੀਨਿਆਂ ਦੀ ਟਰੇਨਿੰਗ ਦੇ ਕੋਰਸ ਚਲਾਏ ਜਾ ਰਹੇ ਹਨ। ਜਹਾਨਖੇਲਾਂ ਵਿਖੇ ਲਗਭਗ 1●●● ਨੌਜਵਾਨਾਂ ਨੂੰ ਜਿਸ ਵਿੱਚ ਲਗਭਗ 12● ਦੇ ਕਰੀਬ ਲੜਕੀਆਂ ਵੀ ਹੋਣਗੀਆਂ । ਇਸ ਲਈ ਜਹਾਨਖੇਲਾਂ ਵਿਖੇ ਲੜਕੀਆਂ ਲਈ ਵਖਰੀ ਮੈਸ ਹੋਵੇਗੀ। ਲੱਡਾ ਕੋਠੀ ਵਿਖੇ ਲਗਭਗ 5●●ਨੌਜਵਾਨਾਂ ਦਾ ਬੈਚ ਹੋਵੇਗਾ । ਇਹਨਾਂ ਕੋਰਸਾਂ ਦੋਰਾਨ ਸਿਖਿਆਰਥੀਆਂ ਨੂੰ ਹੇਠਾਂ ਲਿਖਿਆਂ ਸਹੂਲਤਾਂ ਮੁਹੱਈਆਂ ਕਰਵਾਉਣ ਦਾ ਠੇਕਾ ਖੁੱਲੀ ਬੋਲੀ ਰਾਹੀਂ ਨਿਰਧਾਰਿਤ ਸ਼ਰਤਾਂ ਤੇ ਮਿਤੀ 7.●1.2●1● ਨੂੰ ਬਾਦ ਦੁਪਹਿਰ 2.3● ਵਜੇ ਉਕੱਤ ਦਰਸਾਏ ਪਤੇ ਤੇ ਦਿੱਤਾ ਜਾਵੇਗਾ:-

1) ਮੈਸ ਦਾ ਠੇਕਾ (ਸਿੱਖਿਆਰਥੀਆਂ ਨੂੰ ਸਾਫ ਸੁਥਰਾਂ ਖਾਣਾਂ ਅਤੇ ਨਾਸਤਾ ਦੇਣਾ )

2) ਸਫਾਈ ਅਤੇ ਰੱਖ-ਰਖਾਵ ਦਾ ਠੇਕਾ (ਹੋਸਟਲਾਂ ਅਤੇ ਕਲਾਸ ਰੂਮਾਂ ਦੀ ਸਫਾਈ)

ਚਾਹਵਾਨ ਬੋਲੀਕਾਰ ਠੇਕੇ ਨਾਲ ਸਬੰਧਤ ਸ਼ਰਤਾਂ ਦੀ ਜਾਣਕਾਰੀ ਬੋਲੀ ਤੋਂ ਪਹਿਲਾਂ ਕਿਸੇ ਵੀ ਕੰਮ ਵਾਲੇ ਦਿਨ 1●●/- ਰੁਪਏ ਨਕਦ ਦੇਕੇ ਉਕੱਤ ਦਿੱਤੇ ਹੋਏ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ ਜਾਂ ਨਿਗਮ ਦੀ ਵੈਬ ਸਾਈਟ www.pphcl.org ਤੋਂ ਪ੍ਰਾਪਤ ਕਰ ਸਕਦੇ ਹਨ ਅਤੇ 1●●/- ਦੀ ਰਾਸ਼ੀ ਜਮਾਨਤ ਰਾਸ਼ੀ ਵਿੱਚ ਜਮਾਂ ਕਰਕੇ ਦੇ ਸਕਦੇ ਹਨ।

ਸਹੀ/-
ਪ੍ਰਬੰਧਕ ਨਿਰਦੇਸ਼ਕ
ਪੰਜਾਬ ਪੁਲਿਸ ਸਕਿਉਰਟੀ ਕਾਰਪੋਰੇਸ਼ਨ

# ਆਮ ਸ਼ਰਤਾਂ

## (ਮੈਸ ਸਹੂਲਤਾਂ ਮੁਹੱਈਆਂ ਕਰਵਾਉਣ ਲਈ)

1. ਮੈਸ ਸਹੂਲਤਾਂ ਮੁਹੱਈਆਂ ਕਰਵਾਉਣ ਦਾ ਠੇਕਾ ਵਿੱਤੀ ਸਾਲ 2010-2011 ਤੱਕ ਚਲਾਏ ਜਾਣ ਵਾਲੇ ਕੋਰਸਾ ਦੇ ਸਿਖਿਆਰਥੀਆਂ ਲਈ ਹੋਵੇਗਾ ਜੋ 2/2 ਮਹੀਨੇ ਦੀ ਅਵਧੀ ਵਾਲੇ ਕੋਰਸਾਂ ਵਿਚ ਪੀ.ਐਸ.ਟੀ.ਆਈ. ਜਹਾਨਖੇਲਾਂ ਅਤੇ ਲੱਡਾ ਕੋਠੀ ਸੰਗਰੂਰ ਵਿਖੇ ਸਿਖਲਾਈ ਹਾਸਲ ਕਰਨਗੇ । ਇਸ ਦਿੱਤੇ ਹੋਏ ਸਮੇ ਦੌਰਾਨ ਜਹਾਨਖੇਲਾਂ ਵਿਖੇ ਲਗ-ਭਗ ਕੁੱਲ 5000 ਅਤੇ ਲੱਡਾ ਕੋਠੀ ਸੰਗਰੂਰ ਵਿਖੇ ਲਗ-ਭਗ ਕੁੱਲ 3000 ਸਿਖਿਆਰਥੀ ਸਿਖਲਾਈ ਹਾਸਲ ਕਰਨਗੇ ਅਤੇ ਦੋਵੇ ਸੰਸਥਾਵਾਂ ਵਿੱਚ ਸਾਲ ਵਿੱਚ ਪੰਜ-ਪੰਜ ਬੈਚ ਚਲਾਏ ਜਾਣਗੇ । **ਜਹਾਨਖੇਲਾਂ ਵਿਖੇ ਹਰ ਬੈਚ ਵਿੱਚ ਲਗਭਗ 120 ਲੜਕੀਆਂ ਵੀ ਹੋਣਗੀਆਂ, ਜਿਨ੍ਹਾਂ ਲਈ ਵੱਖਰੀ ਮੈਸ ਦਾ ਪ੍ਰਬੰਧ ਕਰਨਾ ਹੋਵੇਗਾ ।** ਸਿਖਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਅਤੇ ਘਾਟਾ ਹੋਣ ਦੀ ਸੰਭਾਵਨਾ ਨੂੰ ਵੀ ਨਕਾਰਿਆ ਨਹੀ ਜਾ ਸਕਦਾ।

2. ਸਿਖਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਧੀਨ ਚਾਹ, ਖਾਣੇ, ਸਨੈਕਸ ਆਦਿ ਦੀ ਪੂਰਤੀ ਨਾਲ ਨੱਥੀ ਸਾਰਣੀ ਵਿੱਚ ਅੰਕਿਤ ਵੇਰਵੇ ਅਨੁਸਾਰ ਕਰਵਾਈ ਜਾਵੇਗੀ ਅਤੇ ਸਾਰੇ ਖਾਣ ਵਾਲੇ ਪਦਾਰਥਾਂ ਦੀ ਗੁਣਾਂਤਮਿਕਤਾ (ਕੁਆਲਿਟੀ), ਸਫਾਈ ਅਤੇ ਸੇਵਾਵਾਂ ਦਾ ਮਿਆਰ ਉੱਚ ਕੋਟੀ ਦਾ ਹੋਵੇਗਾ।

3. ਸਾਰਣੀ ਵਿੱਚ ਅੰਕਿਤ ਸਾਰੀਆਂ ਚੀਜ਼ਾਂ ਦੀ ਪੂਰਤੀ ਦੀ ਵੱਧ ਤੋ ਵੱਧ ਨਿਰਧਾਰਿਤ ਕੀਮਤ 40/- ਰੁਪਏ ਪ੍ਰਤੀ ਵਿਅਕਤੀ ਪ੍ਰਤੀ ਦਿਨ ਹੈ ਪਰੰਤੂ ਬੋਲੀ ਦੌਰਾਨ ਇਹ ਸਾਰੀਆਂ ਵਧੀਆ

ਮਿਆਰ ਦੀਆਂ ਖਾਣ ਪੀਣ ਵਾਲੀਆਂ ਵਸਤੂਆਂ ਅਤੇ ਸੇਵਾਵਾਂ ਦੂਸਰੇ ਬੋਲੀਕਾਰਾਂ ਨਾਲੋ ਘੱਟ ਰੇਟ ਤੇ ਮੁਹੱਈਆ ਕਰਵਾਉਣ ਦੀ ਪੇਸ਼ਕਸ਼ ਦੇਣ ਵਾਲੇ ਬੋਲੀਕਾਰ ਦੇ ਹੱਕ ਵਿੱਚ ਦਿੱਤੀ ਜਾਵੇਗੀ।

4. ਠੇਕੇ ਦੇ ਅਰਸੇ ਦੌਰਾਨ ਮੈਸ ਅਤੇ ਠੇਕੇਦਾਰ ਵੱਲੋ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਹੋਰ ਇਮਾਰਤਾਂ ਦੇ ਰੱਖ-ਰਖਾਵ ਤੋ ਇਲਾਵਾ ਫਰਨੀਚਰ, ਭਾਂਡਿਆਂ, ਖਾਣਾ ਬਣਾਉਣ, ਸੰਭਾਲ ਕੇ ਰੱਖਣ, ਪਰੋਸਨ, ਠੰਡੇ ਪਾਣੀ ਦੀ ਪੂਰਤੀ ਆਦਿ ਲਈ ਲਗਾਏ ਗਏ ਉੱਪਕਰਣਾ ਦੀ ਟੁੱਟ ਭੱਜ ਅਤੇ ਗੁੰਮ ਹੋਣ ਦੀ ਪੂਰਤੀ ਵੀ ਠੇਕੇਦਾਰ ਨੂੰ ਹੀ ਕਰਨੀ ਪਵੇਗੀ।

5. ਠੇਕੇਦਾਰ ਵਲੋ ਰੋਜ਼ਮਰ੍ਹਾ ਦੇ ਆਧਾਰ ਤੇ ਦਿੱਤੀਆਂ ਜਾਣ ਵਾਲੀਆਂ ਖਾਣ-ਪੀਣ ਦੀਆਂ ਸਾਰੀਆਂ ਵਸਤੂਆਂ ਦੇ ਮਿਆਰ ਅਤੇ ਸਫਾਈ ਆਦਿ ਦਾ ਜ਼ਾਇਜ਼ਾ ਇਸ ਮੱਕਸਦ ਲਈ ਨਾਮਜ਼ਦ ਸਟਾਫ ਮੈਬਰਾਂ ਅਤੇ ਸਿਖਿਆਰਥੀਆਂ ਦੀ ਇੱਕ ਕਮੇਟੀ ਦੁਆਰਾ ਨਿਰੰਤਰ ਲਿਆ ਜਾਂਦਾ ਰਿਹਾ ਕਰੇਗਾ ਅਤੇ ਖਾਣ ਦੇ ਮਿਆਰ ਅਤੇ ਸਫਾਈ ਵਿਚ ਪਾਈਆਂ ਜਾਣ ਵਾਲੀਆਂ ਕਮੀਆਂ/ਤਰੁਟੀਆਂ ਵਿੱਚ ਸੁਧਾਰ ਨਾ ਆਉਣ ਦੀ ਸੂਰਤ ਵਿੱਚ ਠੇਕਾ ਇੱਕ ਤਰਫਾ ਤੌਰ ਤੇ ਭੰਗ ਕਰ ਦਿੱਤਾ ਜਾਵੇਗਾ ਅਤੇ ਸਿਕਿਉਰਟੀ ਰਾਸ਼ੀ ਜਬਤ ਕਰ ਲਈ ਜਾਵੇਗੀ।

6. ਠੇਕੇਦਾਰ ਸਾਰੇ ਸਿਖਿਆਰਥੀਆਂ ਸੰਸਥਾ ਵਲੋ ਨਿਰਧਾਰਿਤ ਸਮੇਂ ਸੀਮਾਵਾਂ ਵਿੱਚ ਖਾਣਾ, ਚਾਹ ਆਦਿ ਮੁੱਹਈਆ ਕਰਵਾਉਣ ਦਾ ਜ਼ਿੰਮੇਵਾਰ ਹੋਵੇਗਾ ਅਤੇ ਇਸ ਮਕਸਦ ਦੀ ਪੂਰਤੀ ਲਈ ਲੋੜ ਅਨੁਸਾਰ ਕਾਫੀ ਕਰਮਚਾਰੀ ਤਾਇਨਾਤ ਕਰੇਗਾ ਤਾਂ ਜੋ ਸਿਖਿਆਰਥੀਆਂ ਦੀ ਸਿਖਲਾਈ ਅਤੇ ਸੁਵਿਧਾ ਵਿਚ ਕਿਸੇ ਕਿਸਮ ਦਾ ਕੋਈ ਵਿਘਨ ਨਾ ਪਵੇ।

7. ਠੇਕਾ ਲੈਣ ਦੇ ਹਰੇਕ ਚਾਹਵਾਨ 10,000/- ਰੁਪਏ ਦੀ ਰਾਸ਼ੀ ਬਤੋਰ ਅਰਨੈਸਟ ਮਣੀ (ਸੰਜੀਦਗੀ ਰਾਸ਼ੀ) ਜਮ੍ਹਾਂ ਕਰਵਾਉਣੀ ਪਵੇਗੀ ਅਤੇ ਆਪਣੇ ਪਿਛਲੇ ਤਜਰਬੇ ਅਤੇ ਮਾਇਕ ਸਾਖ ਦੇ ਅਧਾਰ ਤੇ ਹਰੇਕ ਬੋਲੀਕਾਰ ਕਮੇਟੀ ਇਹ ਯਕੀਨ ਦਿਵਾਉਣਾ ਪਵੇਗਾ ਕਿ ਉਹ ਠੇਕੇ ਦੀਆਂ ਜਿੰਮੇਵਾਰੀਆਂ ਬਿਨਾਂ ਕਿਸੇ ਰੁਕਾਵਟ ਵਧੀਆ ਤਰੀਕੇ ਨਾਲ ਪੂਰੀਆਂ ਕਰਨ ਦੇ ਸਮਰੱਥ ਹੈ । ਅਜਿਹਾ ਨਾ ਕਰ ਸਕਣ ਦੀ ਸੂਰਤ ਵਿੱਚ ਕਮੇਟੀ ਕਿਸੇ ਵੀ ਇਛੁੱਕ ਠੇਕੇਦਾਰ ਦੀ ਬੋਲੀ ਦੀ ਪੇਸ਼ਕਸ਼ ਅਪ੍ਰਵਾਨ ਕਰਨ ਦਾ ਅਧਿਕਾਰ ਹੋਵੇਗਾ।

8. ਸਫਲ ਬੋਲੀਕਾਰ ਠੇਕੇ ਦੀ ਬੋਲੀ ਉਸਦੇ ਹੱਕ ਵਿੱਚ ਟੁੱਟਣ ਸਮੇਂ ਰੁਪਏ 25,000/- ਦੀ ਰਾਸ਼ੀ ਹੋਰ ਬਤੌਰ ਸਕਿਉਰਿਟੀ ਮੌਕੇ ਤੇ ਜਮ੍ਹਾਂ ਕਰਵਾਣੀ ਪਵੇਗੀ ਜਿਸ ਨਾਲ ਉਸਦੀ ਕੂਲ ਸਿਕਿਉਰਟੀ ਰਾਸ਼ੀ ਰੁਪਏ 35,000/- ਹੋ ਜਾਵੇਗੀ ਜੋ ਠੇਕੇ ਦੀ ਮਿਆਦ ਪੁਗਣ ਤੋਂ ਬਾਦ ਉਸਨੂੰ ਮੋੜ ਦਿਤੀ ਜਾਵੇਗੀ।

9. ਠੇਕੇ ਨਾਲ ਸਬੰਧਤ ਧਨ ਰਾਸ਼ੀ ਤੇ ਸੇਵਾ ਕਰ, ਆਮਦਨ ਕਰ ਜਾਂ ਹੋਰ ਨਿਰਧਾਰਿਤ ਕਰਾਂ ਦੀ ਅਦਾਇਗੀ ਠੇਕੇਦਾਰ ਵੱਲੋਂ ਆਪਣੇ ਤੋਰ ਤੇ ਨਿਸਚਿਤ ਸਮੇਂ ਤੇ ਕਰਕੇ ਸਬੰਧਤ ਵਿਭਾਗ ਵੱਲੋਂ ਇਸ ਸਬੰਧੀ ਕੋਈ ਬਕਾਇਆ ਨਾ ਹੋਣ ਦਾ ਸਰਟੀਫਿਕੇਟ ਪੰਜਾਬ ਪੁਲਿਸ ਸਕਿਉਰਿਟੀ ਕਾਰਪੋਰੇਸ਼ਨ ਦੇ ਦਫਤਰ ਸੁਨਿਸ਼ਚਿਤ ਸਮੇਂ ਤੇ ਪੇਸ਼ ਕਰਨਾ ਪਵੇਗਾ।

10. ਠੇਕੇਦਾਰ ਦੇ ਕਾਰਗੁਜਾਰੀ ਦਾ ਮੁੱਲਅੰਕਣ ਰੋਜ ਮਰ੍ਹਾ ਦੇ ਆਧਾਰ ਤੇ ਇਸ ਮਕਸਦ ਲਈ ਨਾਮਜਦ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਕੀਤਾ ਜਾਵੇਗਾ ਅਤੇ ਕੰਮ ਦਾ ਮਿਆਰ ਸੰਤੋਖਜਨਕ ਨਾ ਹੋਣ ਦੀ ਸੂਰਤ ਵਿੱਚ ਅਦਾਇਗੀ ਤੇ ਰੋਕ ਲਾ ਦਿੱਤੀ ਜਾਵੇਗੀ।

11. ਠੇਕੇਦਾਰ ਕਿਰਤ ਖਾਣ ਪੀਣ ਵਾਲੀਆਂ ਵਸਤੂਆਂ ਨਾਲ ਸਬੰਧਤ ਕਨੂੰਨਾਂ, ਨਿਯਮਾਂ ਅਤੇ ਜਾਬਤਿਆਂ ਦੀ ਪਾਲਣਾ ਕਰਨ ਦਾ ਵਿਅਕਤੀਗਤ ਤੌਰ ਤੇ ਪਾਬੰਦ ਹੋਵੇਗਾ ਅਤੇ ਉਲੰਘਣਾ ਲਈ ਜਾਤੀ ਤੌਰ ਤੇ ਜਿੰਮੇਵਾਰ ਹੋਵੇਗਾ।

12. ਠੇਕੇਦਾਰ ਅਤੇ ਉਸਦੇ ਕਰਮਚਾਰੀ ਟਰੇਨਿੰਗ ਸੈਂਟਰ ਦੇ ਨਿਯਮਾਂ ਅਤੇ ਕਾਰਜ ਪ੍ਰਣਾਲੀਆਂ ਦੇ ਪਾਬੰਦ ਹੋਣਗੇ ਅਤੇ ਕਿਸੇ ਵੀ ਅਜਿਹੀ ਗਤੀਵਿਧੀ ਵਿੱਚ ਸ਼ਾਮਲ ਨਹੀ ਹੋਣਗੇ ਜੋ ਗੈਰ ਕਾਨੂੰਨੀ ਅਤੇ ਟਰੇਨਿੰਗ ਸੈਂਟਰ ਦੇ ਪ੍ਰਿਸਰ ਵਿੱਚ ਵਰਜਿਤ ਹਨ।

13. ਠੇਕੇਦਾਰ ਉਸ ਵੱਲ ਬਣਦੀ ਰਾਸ਼ੀ ਦੀ ਅਦਾਇਗੀ ਹਰ ਮਹੀਨੇ ਦੀ ਦਸ ਤਰੀਕ ਤੋਂ ਪਹਿਲਾਂ ਟਰੇਨਿਆਂ ਦੀਆਂ ਹਾਜਰੀਆਂ ਦੇ ਹਿਸਾਬ ਨਾਲ ਨਿਰਧਾਰਿਤ ਰੇਟ ਤੇ ਇਸ ਮਕਸਦ ਲਈ ਨਾਮਜਦ ਕਮੇਟੀ ਤੋਂ ਤਸਦੀਕ ਕਰਵਾਉਣ ਤੋਂ ਬਾਅਦ ਚੈਕ ਰਾਹੀ ਕਰ ਦਿੱਤੀ ਜਾਇਆ ਕਰੇਗੀ। ਅਦਾਇਗੀ ਮਹੀਨੇ ਵਿੱਚ ਸਿਰਫ ਇਕ ਵਾਰ ਹੀ ਕੀਤੀ ਜਾਇਆ ਕਰੇਗੀ।

14. ਛੁੱਟੀ ਤੇ ਜਾਣ ਵਾਲੇ ਟਰੇਨੀਆਂ ਦੀ ਹਾਜਰੀ ਠੇਕੇਦਾਰ ਦੇ ਬਿੱਲਾਂ ਵਿੱਚ ਸੁਮਾਰ ਨਹੀ ਕੀਤੀ ਜਾਵੇਗੀ ਅਤੇ ਸਿੱਖਿਆਰਥੀਆਂ ਦੀ ਹਾਜਰੀ ਅਤੇ ਉਸ ਮੁਤਾਬਿਕ ਬਣਦੀ ਅਦਾਇਗੀ ਦੇ ਹਿਸਾਬ ਕਿਤਾਬ ਠੇਕੇਦਾਰ ਦੇ ਕਰਮਚਾਰੀਆਂ ਦੇ ਨਾਲ-ਨਾਲ ਟਰੇਨਿੰਗ ਸੈਂਟਰ ਦੇ ਇਸ ਮਕਸਦ ਲਈ ਨਾਮਜ਼ਦ ਸਟਾਫ ਵੱਲੋਂ ਸਾਂਝੇ ਤੌਰ ਤੇ ਰੱਖਿਆ ਜਾਵੇਗਾ ਅਤੇ ਰੋਜਮਰ੍ਹਾ ਦੇ ਅਧਾਰ ਤੇ ਤਸਦੀਕ ਕੀਤਾ ਜਾਵੇਗਾ।

15. ਠੇਕੇਦਾਰ ਕੇਵਲ ਠੇਕੇ ਦੀਆਂ ਸ਼ਰਤਾਂ ਅਨੁਸਾਰ ਤਹਿ ਕੀਤੀਆਂ ਹੋਇਆ ਵਸਤੂਾਂ ਹੀ ਕੇਵਲ ਸੁਰੱਖਿਆ ਸਿਖਲਾਈ ਕੋਰਸਾਂ ਦੇ ਸਿੱਖਿਆਰਥੀਆਂ ਹੀ ਸਪਲਾਈ ਕਰੇਗਾ। ਇਸ ਤੋਂ

ਇਲਾਵਾ ਕੋਈ ਹੋਰ ਖਾਣ ਪੀਣ ਜਾਂ ਇਸਤੇਮਾਲ ਵਿੱਚ ਆਉਣ ਵਾਲੀ ਫੁੱਟਕਲ ਚੀਜ਼ ਦੀ ਠੇਕੇਦਾਰ ਵੱਲੋਂ ਵਿਕਰੀ ਤੇ ਸਖ਼ਤ ਪਾਬੰਦੀ ਹੋਵੇਗੀ ਅਤੇ ਅਵੱਗਿਆ ਦੀ ਸੂਰਤ ਵਿੱਚ ਬਣਦਾ ਜੁਰਮਾਨਾ ਆਇਦ ਕੀਤਾ ਜਾਵੇਗਾ।

16. ਠੇਕੇਦਾਰ ਆਪਣੇ ਤੌਰ ਤੇ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਸਦੇ ਕਿਸੇ ਵੀ ਕਰਮਚਾਰੀ ਵੱਲੋ੧੧ ਪੰਜਾਬ ਪੁਲਿਸ ਦੇ ਸੁਰੱਖਿਆ ਪੱਖੋ ਸੰਵੇਦਨ-ੀਲ ਪ੍ਰਿਸਰ (ਪੀ.ਆਰ.ਟੀ.ਸੀ.ਜ਼ਹਾਨਖੇਲ੍ਹਾਂ ਅਤੇ ਲੱਡਾ ਕੋਠੀ ਸੰਗਰੂਰ) ਵਿੱਚ ਸਿਖਲਾਈ ਹਾਸਲ ਕਰਦੇ ਜਾਂ ਰਿਹਾਇਸ ਰੱਖਦੇ ਪੁਲਿਸ ਅਤੇ ਸਿਵਲੀਅਨ ਕਰਮੀਆਂ ਅਤੇ ਸਿਖਿਆਰਥੀਆਂ ਕਿਸੇ ਕਿਸਮ ਦਾ ਕੋਈ ਖ.ਤਰਾ ਨਹੀ ਹੈ।

17. ਠੇਕੇਦਾਰ ਖਾਣਾ ਤਿਆਰ ਕਰਵਾਉਣ, ਵਰਤਾਉਣ ਅਤੇ ਬਰਤਨਾਂ ਦੀ ਸਫਾਈ ਆਦਿ ਲਈ ਪੂਰੀ ਤਰ੍ਹਾਂ ਨ-ਾ ਮੁਕਤ ਅਤੇ ਸਿਹਤਮੰਦ ਕਰਮਚਾਰੀਆਂ ਦੀਆਂ ਸੇਵਾਵਾਂ ਦਾ ਇਸਤੇਮਾਲ ਕਰੇਗਾ ਅਤੇ ਆਪਣੇ ਕਰਮਚਾਰੀਆਂ ਦੇ ਬਿਮਾਰੀ ਮੁਕਤ ਹੋਣ ਦੀ ਤਸਦੀਕ ਕਰਾਉਣ ਲਈ ਠੇਕੇ ਦੀ -ਰੂਆਤ ਸਮੇ੧ ਅਤੇ ਹਰ ਤਿੰਨ ਮਹੀਨੇ ਬਾਅਦ ਉਹਨਾਂ ਦੀ ਸਿਹਤ ਦਾ ਸਰਕਾਰੀ ਡਾਕਟਰਾਂ ਤੋ੧ ਵਿਸਤ੍ਰਿਤ ਮੁਆਇਨਾ ਕਰਵਾਵੇਗਾ ਅਤੇ ਇਸ ਦੀ ਰਿਪੋਟ ਇਸ ਮਕਸਦ ਲਈ ਨਾਮਜਦ ਕਮੇਟੀ ਸਾਹਮਣੇ ਪੇ- ਕਰਨ ਦਾ ਜਿੰਮੇਵਾਰ ਹੋਵੇਗਾ।

18. ਉਪਰੋਕਤ -ਰਤਾਂ ਵਿੱਚ ਟਰੇਨੀਆਂ ਅਤੇ ਸੰਸਥਾ ਦੇ ਹਿੱਤਾਂ ਮੱਦੇ ਨ ਰ ਰੱਖਦੇ ਹੋਏ ਨਾ ਟਾਲੀਆਂ ਜਾਣ ਵਾਲੀਆਂ ਪ੍ਰਸਥਿਤੀਆਂ ਵਿੱਚ ਜਾਇ ਤਰਮੀਮ ਕਰਨ ਦਾ ਹੱਕ ਸੰਸਥਾ ਦਾ ਰਾਖਵਾਂ ਹੋਵੇਗਾ।